# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

ਨੰ. 84 /ਕਾਲਜਾਂ/ਸ-2

ਮਿਤੀ 10/4/26

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ, ਕਾਲਜਾਂ ਦੇ,
ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ: ਦਫਤਰ ਵਿਖੇ ਦੇਰੀ ਨਾਲ ਜਮ੍ਹਾਂ ਕਰਵਾਏ ਗਏ ਅਪਰੂਵਲ ਕੇਸਾਂ ਤੇ ਲੱਗਣ ਵਾਲੇ ਜੁਰਮਾਨੇ ਸਬੰਧੀ।

ਵਿੱਤ ਕਮੇਟੀ ਦੀ ਇਕੱਤਰਤਾ 25.03.2026 ਅਤੇ ਸਿੰਡੀਕੇਟ ਦੀ ਇਕੱਤਰਤਾ 27.03.2026 ਦੇ ਸਿਰਲੇਖ 2. (ਪੈਰਾ2.1), ਅੰਤਿਕਾ-2.1 ਰਾਹੀਂ ਪ੍ਰਵਾਨ/ਪਾਸ ਕੀਤਾ ਗਿਆ ਕਿ ਪਹਿਲਾਂ ਸਿੰਡੀਕੇਟ ਦੀ ਮਿਤੀ 21.06.2022 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਦੇ ਸਿਰਲੇਖ 12.(12.05) ਰਾਹੀਂ ਦਿੱਤੀ ਪ੍ਰਵਾਨਗੀ ਅਤੇ ਪਹਿਲਾਂ ਜਾਰੀ ਪੱਤਰ 1458/ਕਾਲਜਾਂ/ਸ-2 ਮਿਤੀ 26.4.2022 ਦੇ ਸਬੰਧ ਵਿੱਚ ਕਮੇਟੀ ਵੱਲੋਂ ਭਰਪੂਰ ਵਿਚਾਰ ਵਟਾਂਦਰਾ ਕਰਨ ਉਪਰੰਤ ਨਿਯੁਕਤੀ ਪੱਤਰ ਨੂੰ ਪ੍ਰਵਾਨਗੀ ਦੇਣ ਸਬੰਧੀ ਦੇਰੀ ਨਾਲ ਪ੍ਰਾਪਤ ਹੋਣ ਵਾਲੇ ਅਪਰੂਵਲ ਕੇਸਾਂ ਵਿੱਚ ਹੇਠ ਲਿਖੇ ਅਨੁਸਾਰ ਜੁਰਮਾਨੇ ਨੂੰ ਸੀਮਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ:

a. ਚੁਣੇ ਗਏ ਉਮੀਦਵਾਰ ਦੇ ਹਾਜ਼ਰ ਹੋਣ ਤੋਂ 3 ਮਹੀਨੇ ਬਾਅਦ (ਅਗਲੇ 3 ਮਹੀਨੇ ਤੱਕ): 2000/- ਰੁਪਏ
b. ਚੁਣੇ ਗਏ ਉਮੀਦਵਾਰ ਦੇ ਹਾਜ਼ਰ ਹੋਣ ਤੋਂ 6 ਮਹੀਨੇ ਬਾਅਦ (ਅਗਲੇ 6 ਮਹੀਨੇ ਤੱਕ): 5000/-ਰੁਪਏ
c. ਚੁਣੇ ਗਏ ਉਮੀਦਵਾਰ ਦੇ ਹਾਜ਼ਰ ਹੋਣ ਤੋਂ 12 ਮਹੀਨੇ ਬਾਅਦ (ਬਿਨਾ ਕਿਸੇ ਸਮਾਂ ਸੀਮਾ ਤੋਂ):10,000/-ਰੁਪਏ

ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਨਵੇਂ ਪ੍ਰਾਪਤ ਹੋਣ ਵਾਲੇ ਅਪਰੂਵਲ ਕੇਸ ਅਤੇ ਪਹਿਲਾਂ ਤੋਂ ਪੈਡਿੰਗ ਅਵਸਥਾ ਵਿੱਚ ਪਏ ਕੇਸਾਂ ਦਾ ਨਿਪਟਾਰਾ ਉਕਤ ਸਿਫਾਰਸ਼ਾ ਅਨੁਸਾਰ ਕੀਤਾ ਜਾਵੇਗਾ। ਪ੍ਰੰਤੂ ਜੇਕਰ ਕਿਸੇ ਕਾਲਜ/ਅਧਿਆਪਕ ਵੱਲੋਂ ਪਹਿਲਾਂ ਤੋਂ ਲਾਗੂ ਵਿਵਸਥਾ ਅਨੁਸਾਰ ਜਾਰੀ ਹੋ ਚੁੱਕੇ ਪੱਤਰ ਦੀ ਲੋਅ ਵਿੱਚ ਵਧੇਰੇ ਜੁਰਮਾਨਾ ਭਰਵਾਇਆ ਜਾ ਚੁੱਕਾ ਹੈ, ਉਸ ਦਾ ਰਿਫੰਡ/ਐਡਜਟਸਮੈਂਟ ਕਰਨਾ ਸੰਭਵ ਨਹੀਂ ਹੋਵੇਗਾ।

10/04/2026.

ਡੀਨ, ਕਾਲਜ ਵਿਕਾਸ ਕੌਸਲ